بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 03.04.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਸਹਾਬੀ ਹਜ਼ਰਤ ਤਲਹਾ ਬਿਨ ਉਬੈਦੁਲੱਾਹ ਦੇ ਸਦਗੁਣਾ ਦਾ ਇਮਾਨ ਤੇ ਆਸਥਾ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 03 ਅਪ੍ਰੈਲ 2020 ਈ. ਨੂੰ ਮਸਜਿਦ ਮੁਬਾਰਕ, ਇਸਲਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ اما بعد فاعوذ بالله من الشيطن الرجيم۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعَالَمِيْنَ۔ الرَّحْمٰنِ الرَّحِيْمِ۔ مَالِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਕੱਲ ਦੇ ਹਾਲਾਤਾਂ ਅਨੁਸਾਰ ਅਤੇ ਜੋ ਕਾਨੂਨ ਸਰਕਾਰ ਵੱਲੋਂ ਬਣਾਇਆ ਗਿਆ ਹੈ ਇਸ ਅਨੁਸਾਰ ਸਰੋਤਿਆਂ ਸਾਹਮਣੇ ਖ਼ੁਤਬਾ ਨਹੀਂ ਦਿਤੱਾ ਜਾ ਸਕਦਾ ਅਤੇ ਕਾਨੂਨ ਦੇ ਦਾਇਰੇ ਵਿੱਚ ਰਹਿੰਦਿਆਂ ਹੋਇਆਂ ਜਿੱਥੋਂ ਤੱਕ ਆਗਿਆ ਹੈ, ਉਸ ਅਨੁਸਾਰ ਅੱਜ ਪ੍ਰਬੰਧ ਕੀਤਾ ਗਿਆ ਹੈ ਕਿ ਮਸਜਿਦ ਵਿੱਚੋਂ ਹੀ ਖ਼ੁਤਬਾ ਦਿਆ ਕਿਉਂਕਿ ਦੁਨੀਆ ਵਿੱਚ ਬਹਿਰਹਾਲ ਇਸ ਸਮੇਂ ਖ਼ੁਤਬਾ ਸੁਣਨ ਵਾਲੇ ਹਜ਼ਾਰਾ ਤੇ ਲਖੱਾਂ ਲੋਕ ਹਨ । ਚਾਹੇ ਮੇਰੇ ਸਾਹਮਣੇ ਮਸਜਿਦ ਵਿੱਚ ਮੇਰੇ ਸਾਹਮਣੇ ਕੋਈ ਹੋਵੇ ਜਾਂ ਨ ਹੋਵੇ । ਇਹ ਏਕਤਾ ਕਾਇਮ ਰਖੱਣ ਦਾ ਹਮੇਸ਼ਾ ਜਤਨ ਕਰਨਾ ਚਾਹੀਦਾ ਹੈ ਅਤੇ ਦੁਆ ਵੀ ਕਰਦੇ ਰਹਿਣਾ ਚਾਹੀਦਾ ਹੈ । ਰੱਬ ਹਾਲਾਤਾਂ ਨੂੰ ਠੀਕ ਕਰੇ, ਇਸ ਵਬਾ ਨੂੰ ਵੀ ਦੂਰ ਕਰੇ ਅਤੇ ਫਿਰ ਦੁਬਾਰਾ ਇਸੇ ਪ੍ਰਕਾਰ ਮਸਜਿਦ ਦੀਆਂ ਰੌਣਕਾਂ ਪਰਤ ਆਉਣ ।

ਹਜ਼ਰਤ ਤਲਹਾ ਬਿਨ ਉਬੈਦੁਲੱਾਹ ਦਾ ਮੁੜ ਜ਼ਿਕਰ ਕਰਦਿਆਂ ਹੋਇਆਂ ਫ਼ਰਮਾਇਆ ਕਿ ਹਜ਼ਰਤ ਉਮਰ ਨੇ ਆਪਣੀ ਵਫ਼ਾਤ ਤੋਂ ਪਹਿਲਾਂ ਖ਼ਿਲਾਫ਼ਤ ਬਾਰੇ ਇਕ ਕਮੇਟੀ ਬਣਾਈ ਸੀ । ਸਹੀ ਬੁਖਾਰੀ ਵਿੱਚ ਇਸ ਦਾ

ਵਿਸਥਾਰ ਕੁਝ ਇਹ ਪ੍ਰਕਾਰ ਹੈ ਕਿ ਜੱਦ ਹਜ਼ਰਤ ਉਮਰ ਦੇ ਵਫ਼ਾਤ ਦਾ ਸਮਾਂ ਨੇੜੇ ਸੀ ਤਾਂ ਲੋਕਾਂ ਨੇ ਕਿਹਾ ਅਮੀਰੁਲ ਮੋਮਿਨੀਨ ਕਿਸੇ ਨੂੰ ਖ਼ਲੀਫ਼ਾ ਨਿਰਧਾਰਤ ਕਰ ਜਾਣ । ਉਹਨਾ ਨੇ ਫ਼ਰਮਾਇਆ ਮੈਂ ਇਸ ਖ਼ਿਲਾਫ਼ਤ ਦਾ ਹੱਕਦਾਰ ਕੁਝ ਲੋਕਾਂ ਤੋਂ ਵਧੱਕੇ ਕਿਸੇ ਹੋਰ ਨੂੰ ਨਹੀਂ ਦੇਖਦਾ ਕਿ ਰਸੂਲੁਲੱਾਹ ਅਜਿਹੀ ਅਵਸਥਾ ਵਿੱਚ ਫ਼ੌਤ ਹੋਏ ਕਿ ਆਪ ਉਹਨਾ ਤੋਂ ਰਾਜ਼ੀ ਸਨ । ਫਿਰ ਹਜ਼ਰਤ ਉਮਰ ਨੇ ਹਜ਼ਰਤ ਅਲੀ ਰਜ਼ੀ ਅਲੱਹ ਅਨਹੁ, ਹਜ਼ਰਤ ਉਸਮਾਨ ਰਜ਼ੀ ਅਲੱਲਾਹ ਅਨਹੁ, ਹਜ਼ਰਤ ਜ਼ੁਬੈਰ ਰਜ਼ੀ ਅਲੱਾਹ ਅਨਹੁ, ਹਜ਼ਰਤ ਤਲਹਾ ਰਜ਼ੀ ਅਲੱਲਾਹ ਅਨਹੁ, ਹਜ਼ਰਤ ਸਅਦ ਰਜ਼ੀ ਅਲੱਲਾਹ ਅਨਹੁ, ਅਤੇ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਲਾਹ ਅਨਹੁ ਦਾ ਨਾਂ ਲਿਆ ਅਤੇ ਕਿਹਾ ਕਿ ਅਬਦੁਲੱਾਹ ਬਿਨ ਉਮਰ ਤੁਹਾਡੇ ਨਾਲ ਸ਼ਾਮਲ ਰਹੇਗਾ ਅਤੇ ਖ਼ਿਲਾਫ਼ਤ ਵਿੱਚ ਇਸਦਾ ਕੋਈ ਹੱਕ ਨਹੀਂ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ, ਕਿ ਹਜ਼ਰਤ ਤਲਹਾ ਰਜ਼ੀ ਅਲੱਲਾਹ ਅਨਹੁ ਹਜ਼ਰਤ ਉਮਰ ਰਜ਼ੀ ਅਲੱਲਾਹ ਅਨਹੁ ਦੀ ਵਸੀਯੱਤ ਸਮੇਂ ਹਾਜ਼ਰ ਨਹੀਂ ਸਨ । ਇਕ ਰਿਵਾਇਤ ਅੁਸਾਰ ਜਿਸ ਨੂੰ ਬਹੁਤਾ ਠੀਕ ਮੰਨਿਆ ਗਿਆ ਹੈ ਉਹ ਹਜ਼ਰਤ ਉਸਮਾਨ ਰਜ਼ੀ ਅਲੱਲਾਹ ਅਨਹੁ ਦੀ ਬੈਅਤ ਦੇ ਬਾਦ ਹਾਜ਼ਰ ਹੋਏ ਸਨ ।

ਜੱਦ ਹਜ਼ਰਤ ਉਸਮਾਨ ਰਜ਼ੀ ਅਲੱਲਾਹ ਅਨਹੁ ਸ਼ਹੀਦ ਹੋਏ ਤਾਂ ਬਦਰ ਦੇ ਸਾਰੇ ਸਹਾਬਾ ਹਜ਼ਰਤ ਅਲੀ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਇਹਨਾ ਨੇ ਅਰਜ਼ ਕੀਤੀ ਕਿ ਅਸੀਂ ਕਿਸੇ ਨੂੰ ਆਪ ਤੋਂ ਵੱਧ ਇਸ ਦਾ ਹੱਕਦਾਰ ਨਹੀਂ ਦੇਖਦੇ, ਸੋ, ਆਪਣਾ ਹੱਥ ਵਧਾਉਣ ਕਿ ਅਸੀਂ ਆਪਦੀ ਬੈਅਤ ਕਰੀਏ । ਸਭ ਤੋਂ ਪਹਿਲਾ ਵਿਅਕਤੀ ਜਿਸ ਨੇ ਆਪ ਦੀ ਬੈਅਤ ਕੀਤੀ ਉਹ ਹਜ਼ਰਤ ਤਲਹਾ ਰਜ਼ੀ ਅਲੱਲਾਹ ਅਨਹੁ ਸਨ ।

ਹਜ਼ਰਤ ਤਲਹਾ ਅਤੇ ਹਜ਼ਰਤ ਜ਼ੁਬੈਰ ਅਤੇ ਹਜ਼ਰਤ ਆਇਸ਼ਾ ਆਦਿ ਬਾਰੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਲਾਹ ਅਨਹੁ ਨੇ ਫ਼ਰਮਾਇਆ ਕਿ ਇਹਨਾ ਨੂੰ ਖ਼ਿਲਾਫ਼ਤ ਨਾਲ ਇਨਕਾਰ ਨਹੀਂ ਸੀ ਸਗੋਂ ਹਜ਼ਰਤ ਉਸਮਾਨ ਦੇ ਕਾਤਲਾਂ ਦਾ ਪ੍ਰਸ਼ਨ ਸੀ । ਅਤੇ ਜੋ ਕਹਿੰਦਾ ਹੈ ਕਿ ਉਹਨਾ ਨੇ ਹਜ਼ਰਤ ਅਲੀ ਦੀ ਬੈਅਤ ਨਹੀਂ ਕੀਤੀ ਉਹ ਗ਼ਲਤ ਕਹਿੰਦਾ ਹੈ । ਹਜ਼ਰਤ ਆਇਸ਼ਾ ਤਾਂ ਆਪਣੀ ਗ਼ਲਤੀ ਦਾ ਇਕਰਾਰ ਕਰਕੇ ਮਦੀਨੇ ਜਾ ਬੈਠੀ ਸਨ ਅਤੇ ਤਲਹਾ ਅਤੇ ਜ਼ਬੈਰ ਫ਼ੌਤ ਨਹੀਂ ਹੋਏ ਜੱਦ ਤੱਕ ਬੈਅਤ ਨਹੀਂ ਕਰ ਲਈ ।

ਫਿਰ ਅਗਲੀ ਗੱਲ ਜੋ ਹੈ ਉਹ ਇਹ ਹੈ ਕਿ ਤਲਹਾ ਅਤੇ ਜ਼ੁਬੈਰ 'ਅਸ਼ੱਰਾ ਮੁਬਸ਼ੱਰਾ' ਵਿੱਚੋਂ ਵੀ ਹਨ ਜਿੰਨ੍ਹਾ ਬਾਰੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਸਵਰਗ ਦੀ ਖ਼ੁਸ਼ਖਬਰੀ ਦਿੱਤੀ ਹੋਈ ਹੈ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਬਸ਼ਾਰਤ ਦਾ ਸਚੱਾ ਹੋਣ ਯਕੀਨੀ ਹੈ । ਫਿਰ ਇਹੋ ਨਹੀਂ ਉਹਨਾ ਦੇ ਖ਼ਰੂਜ (ਨਿਕਲਣ) ਤੋਂ ਰੁਜੂਅ ਤੇ ਤੌਬਾ ਕਰ ਲਈ ਸੀ ।

ਹਜ਼ਰਤ ਉਸਮਾਨ ਦੀ ਸ਼ਹਾਦਤ ਹਜ਼ਰਤ ਅਲੀ ਦੀ ਬੈਅਤ ਅਤੇ ਜਮਲ ਦੀ ਜੰਗ ਦਾ ਜਿਕਰ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਲਾਹ ਅਨਹੁ ਫ਼ਰਮਾਉਂਦੇ ਹਨ ਕਿ ਹਜ਼ਰਤ ਉਸਮਾਨ ਦੀ ਸ਼ਹੀਦੀ ਦੇ ਬਾਦ ਜੋ ਜਮਾਤ ਮੱਕੇ ਵੱਲ ਗਈ ਸੀ ਉਸ ਨੇ ਹਜ਼ਰਤ ਆਇਸ਼ਾ ਨੂੰ ਇਸ ਗੱਲ'ਤੇ ਤਿਆਰ ਕਰ ਲਿਆ ਕਿ ਉਹ ਹਜ਼ਰਤ ਉਸਮਾਨ ਦੇ ਖ਼ੂਨ ਨਾ ਬਦਲਾ ਲੈਂਣ ਲਈ ਜਿਹਾਦ ਦਾ ਐਲਾਨ ਕਰਨ । ਸੋ, ਉਹਨਾ ਨੇ ਇਸ ਗੱਲ ਦਾ ਐਲਾਨ ਕੀਤਾ ਅਤੇ ਸਹਾਬਾ ਨੂੰ ਆਪਣੀ ਮਦਦ ਲਈ ਤਲਬ ਕੀਤਾ । ਹਜ਼ਰਤ ਤਲਹਾ ਅਤੇ ਜ਼ੁਬੈਰ ਨੇ ਹਜ਼ਰਤ ਅਲੀ ਦੀ ਬੈਅਤ ਇਸ ਸ਼ਰਤ'ਤੇ ਕੀਤੀ ਸੀ ਕਿ ਉਹ ਹਜ਼ਰਤ ਉਸਮਾਨ ਰਜ਼ੀ ਅਲੱਲਾਹ ਅਨਹੁ ਦੇ ਕਾਤਲਾਂ ਨਾਲ

ਛੇਤੀ ਤੋਂ ਛੇਤੀ ਬਦਲਾ ਲੈਂਣਗੇ । ਉਹਨਾ ਨੇ ਛੇਤੀ ਦੇ ਜੋ ਅਰਥ ਸਮਝੇ ਸਨ, ਉਹ ਹਜ਼ਰਤ ਅਲੀ ਨੇੜੇ ਸਵਾਰਥ ਦੇ ਵਿਰੁਧ ਸਨ । ਉਹਨਾ ਦਾ ਵਿਚਾਰ ਸੀ ਕਿ ਪਹਿਲਾਂ ਸਾਰੇ ਸੂਬਿਆਂ ਦਾ ਪ੍ਰਬੰਧ ਹੋ ਜਾਏ ਫਿਰ ਕਾਤਲਾਂ ਨੂੰ ਦੰਡ ਦੇਣ ਵੱਲ ਤਵਜੁੱਹ ਕੀਤੀ ਜਾਏ । ਇਸ ਮਤਿਭੇਦ ਕਰਕੇ ਤਲਹਾ ਅਤੇ ਜ਼ੁਬੈਰ ਨੇ ਇਹ ਸਮਝਿਆ ਕਿ ਹਜ਼ਰਤ ਅਲੀ ਆਪਣੇ ਉਹਦੇ ਤੋਂ ਫਿਰਦੇ ਹਨ ਇਸ ਲਈ ਉਹ ਸ਼ਰਤ ਅਨੁਸਾਰ ਆਪਣੇ ਆਪ ਨੂੰ ਬੈਅਤ ਤੋਂ ਅਜ਼ਾਦ ਸਮਝਦੇ ਸਨ । ਜੱਦ ਹਜ਼ਰਤ ਆਇਸ਼ਾ ਦਾ ਐਲਾਨ ਉਹਨਾ ਨੂੰ ਪਹੁੰਚਿਆ ਤਾਂ ਉਹ ਵੀ ਉਹਨਾ ਨਾਲ ਜਾ ਮਿਲੇ ਅਤੇ ਸਾਰੇ ਰਲੱਕੇ ਬਸਰਾ ਵੱਲ ਚਲੇ ਗਏ । ਜੱਦ ਹਜ਼ਰਤ ਅਲੀ ਨੂੰ ਇਸ ਲਸ਼ਕਰ ਦਾ ਪਤਾ ਲਗੱਾ ਤਾਂ ਆਪ ਨੇ ਵੀ ਇਕ ਲਸ਼ਕਰ ਤਿਆਰ ਕੀਤਾ ਅਤੇ ਬਸਰਾ ਵੱਲ ਚੱਲ ਪਏ । ਬਸਰਾ ਪਹੁੰਚ ਕੇ ਆਪ ਨੇ ਇਕ ਵਿਅਕਤੀ ਨੂੰ ਹਜ਼ਰਤ ਆਇਸ਼ਾ, ਤਲਹਾ ਅਤੇ ਜ਼ੁਬੈਰ ਵੱਲ ਭੇਜਿਆ । ਇਸ ਵਿਅਕਤੀ ਨੇ ਇਹਨਾ ਨੰ ਪੁੱਛਿਆ ਕਿ ਆਪ ਦਾ ਇਰਾਦਾ ਕੀ ਹੈ, ਉਹਨਾ ਨੇ ਉਤੱਰ ਦਿਤੱਾ ਕਿ ਸਾਡਾ ਇਰਾਦਾ ਕੇਵਲ ਸੁਧਾਰ ਹੈ । ਇਸ ਵਿਅਕਤੀ ਨੇ ਉਤੱਰ ਦਿਤੱਾ ਕਿ ਜੇਕਰ ਆਪ ਦਾ ਨਿਸ਼ਚਾ ਸੁਧਾਰ ਹੈ ਕਿ ਤਾਂ ਇਸ ਦਾ ਇਹ ਤਰੀਕਾ ਨਹੀਂ ਜੋ ਆਪਨੇ ਧਾਰਨ ਕੀਤਾ ਹੈ, ਇਸ ਦਾ ਸਿਟੱਾ ਤਾਂ ਫ਼ਸਾਦ ਹੈ । ਇਸ ਸਮੇਂ ਦੇਸ਼ ਦੀ ਅਜਿਹੀ ਹਾਲਤ ਹੈ ਕਿ ਜੇਕਰ ਇਕ ਵਿਅਕਤੀ ਨੂੰ ਆਪ ਮਾਰ ਦੇਣ ਤਾਂ ਹਜ਼ਾਰ ਉਸ ਦੀ ਤਾਈਦ ਵਿੱਚ ਖੜੇ ਹੋ ਜਾਣਗੇ । ਸੋ, ਸੁਧਾਰ ਇਹ ਹੈ ਕਿ ਪਹਿਲਾਂ ਆਪ ਦੇਸ਼ ਨੂੰ ਏਕਤਾ ਦੀ ਰੱਸੀ ਵਿੱਚ ਬੰਨ੍ਹਿਆ ਜਾਏ ਫਿਰ ਸ਼ਰਾਰਤੀਆਂ ਨੂੰ ਦੰਡ ਦਿਤੱਾ ਜਾਏ, ਵਰਨਾ ਇਸ ਬਦਅਮਨੀ ਵਿੱਚ ਕਿਸੇ ਨੂੰ ਦੰਡ ਦੇਣਾ ਦੇਸ਼ ਵਿੱਚ ਹੋਰ ਫ਼ਸਾਦ ਮਚਾਉਣਾ ਹੈ । ਇਹ ਗੱਲ ਸੁਣਕੇ ਉਹਨਾ ਨੇ ਕਿਹਾ ਕਿ ਜੇਕਰ ਹਜ਼ਰਤ ਅਲੀ ਦਾ ਇਹੋ ਵਿਚਾਰ ਹੈ ਤਾਂ ਉਹ ਆ ਜਾਣ ਅਸੀਂ ਉਹਨਾ ਨਾਲ ਮਿਲਣ ਲਈ ਤਿਆਰ ਹਾਂ । ਇਸ'ਤੇ ਉਸ ਵਿਅਕਤੀ ਨੇ ਹਜ਼ਰਤ ਅਲੀ ਨੂੰ ਸੂਚਨਾ ਦਿੱਤੀ ਅਤੇ ਦੋਹਾਂ ਧਿਰਾਂ ਦੇ ਕਾਰਜ ਸੰਚਾਲਕ ਇਕ ਦੂਜੇ ਨੂੰ ਮਿਲੇ ਅਤੇ ਫ਼ੈਸਲਾ ਹੋ ਗਿਆਕਿ ਜੰਗ ਕਰਨਾ ਠੀਕ ਨਹੀਂ ਸੁਧਾਰ ਹੋਣਾ ਚਾਹੀਦਾ ਹੈ । ਜੱਦ ਇਹ ਖ਼ਬਰ ਸਬਾਈਆਂ ਅਰਥਾਤ ਜੋ ਅਬਦੁਲੱਾਹ ਬਿਨ ਸਬਾ ਦੀ ਜਮਾਤ ਦੇ ਲੋਕ ਅਤੇ ਹਜ਼ਰਤ ਉਸਮਾਨ ਦੇ ਕਾਤਲਾਂ ਤੱਕ ਪਹੁੰਚੀ ਤਾਂ ਉਹਨਾ ਨੇ ਮਸ਼ਵਰਾ ਕਰਨ ਦੇ ਬਾਦ ਫ਼ੈਸਲਾ ਕੀਤਾ ਕਿ ਮੁਸਲਮਾਨ ਵਿੱਚ ਸੁਲਾਹ ਹੋ ਜਾਣੀ ਸਾਡੇ ਲਈ ਸਖ਼ਤ ਹਾਨੀਕਾਰਕ ਹੋਵੇਗੀ ਕਿਉਂਕਿ ਜੇਕਰ ਸੁਲਾਹ ਹੋ ਗਈ ਅਤੇ ਅਮਨ ਹੋ ਗਿਆ ਤਾਂ ਸਾਡਾ ਟਿਕਾਣਾ ਕਿਤੇ ਨਹੀਂ, ਇਸ ਲਈ ਜਿਵੇਂ ਹੋ ਸਕੇ ਸੁਲਾਹ ਨ ਹੋਣ ਦਿਓ । ਹਜ਼ਰਤ ਅਲੀ ਬਸਰਾ ਪਹੁੰਚਣ ਦੇ ਦੂਜੇ ਦਿਨ ਆਪ ਦੀ ਅਤੇ ਹਜ਼ਰਤ ਜ਼ੁਬੈਰ ਦੀ ਮੁਲਾਕਾਤ ਹੋਈ । ਆਪ ਰਜ਼ੀ ਅਲੱਲਾਹ ਅਨਹੁ ਨੇ ਫ਼ਰਮਾਇਆ ਕਿ ਆਪ ਨੇ ਮੇਰੇ ਲੜਨ ਲਈ ਤਾਂ ਲਸ਼ਕਰ ਤਿਆਰ ਕੀਤਾ ਹੈ ਪਰ ਰੱਬ ਦੀ ਹਜ਼ੂਰੀ ਵਿੱਚ ਪੇਸ਼ ਕਰਨ ਲਈ ਕੋਈ ਉਜ਼ਰ ਵੀ ਤਿਆਰ ਕੀਤਾ ਹੈ ? ਆਪ ਲੋਕ ਕਿਉਂ ਆਪਣੇ ਹੱਥੀ ਇਸਲਾਮ ਦੇ ਤਬਾਹ ਕਰਨ'ਤੇ ਤੁਲੇ ਹੋ ਜਿਸ ਦੀ ਸੇਵਾ ਸਖ਼ਤ ਕੁਰਬਾਨੀਆਂ ਨਾਲ ਕੀਤੀ ਸੀ । ਕੀ ਮੈਂ ਆਪ ਲੋਕਾਂ ਦਾ ਭਾਈ ਨਹੀਂ ਹਾਂ, ਫਿਰ ਕੀ ਕਾਰਣ ਹੈ ਕਿ ਪਹਿਲਾਂ ਤਾਂ ਇਕ ਦੂਜੇ ਲਈ ਖ਼ੂਨ ਹਰਾਮ ਸਮਝਿਆ ਜਾਂਦਾ ਸੀ ਪਰ ਹੁਣ ਹਲਾਲ ਹੋ ਗਿਆ ਹੈ । ਜੇਕਰ ਕੋਈ ਨਵੀਂ ਗੱਲ ਪੈਦਾ ਹੋਈ ਹੁੰਦੀ ਤਾਂ ਵੀ ਹੋਰ ਗੱਲ ਸੀ । ਜੱਦ ਕੋਈ ਨਵੀਂ ਗੱਲ ਪੈਦਾ ਨਹੀਂ ਹੋਈ ਤਾਂ ਫਿਰ ਇਹ ਮੁਕਾਬਲਾ ਕਿਉਂ ਹੈ । ਇਸ'ਤੇ ਹਜ਼ਰਤ ਤਲਹਾ ਨੇ ਕਿਹਾ ਜੋ ਇਸ ਸਮੇਂ ਹਜ਼ਰਤ ਜ਼ੁਬੈਰ ਨਾਲ ਸਨ ਕਿ ਆਪ ਨੇ ਹਜ਼ਰਤ ਉਸਮਾਨ ਦੇ ਕਤਲ'ਤੇ ਲੋਕਾਂ ਨੂੰ ਉਕਸਾਇਆ ਹੈ । ਹਜ਼ਰਤ ਅਲੀ ਨੇ ਫਰਮਾਇਆ ਕਿ ਮੈਂ ਹਜ਼ਰਤ ਉਸਮਾਨ ਦੇ ਕਤਲ ਵਿੱਚ ਸ਼ਾਮਲ ਹੋਣ ਵਾਲਿਆਂ'ਤੇ ਲਾਨ੍ਹਤ ਪਾਉਂਦਾ ਹਾਂ । ਫਿਰ ਹਜ਼ਰਤ ਅਲੀ ਨੇ ਹਜ਼ਰਤ

ਜ਼ੁਬੈਰ ਨੂੰ ਕਿਹਾ ਕਿ ਤੁਹਾਨੂੰ ਚੇਤੇ ਨਹੀਂ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਸੀ ਕਿ ਰੱਬ ਦੀ ਸਹੁੰ ਤੂੰ ਅਲੀ ਨਾਲ ਜੰਗ ਕਰੇਂਗਾ ਅਤੇ ਜ਼ਾਲਮ ਹੋਵੇਂਗਾ । ਇਹ ਸੁਣਕੇ ਹਜ਼ਰਤ ਜ਼ੁਬੈਰ ਆਪਣੇ ਲਸ਼ਕਰ ਵਿੱਚ ਪਰਤੇ ਅਤੇ ਸਹੁੰ ਖਾਧੀ ਕਿ ਉਹ ਹਜ਼ਰਤ ਅਲੀ ਨਾਲ ਉਕੱਾ ਹੀ ਜੰਗ ਨਹੀਂ ਕਰਨਗੇ ਅਤੇ ਇਕਰਾਰ ਕੀਤਾ ਕਿ ਉਹਨਾ ਨੇ ਨਿਰਣਾ ਲੈਂਣ ਵਿੱਚ ਗ਼ਲਤੀ ਕੀਤੀ । ਜੱਦ ਇਹ ਖ਼ਬਰ ਲਸ਼ਕਰ ਵਿੱਚ ਫੈਲੀ ਤਾਂ ਸਾਰਿਆਂ ਨੂੰ ਤਸੱਲੀ ਹੋ ਗਈ ਕਿ ਹੁਣ ਜੰਗ ਨਹੀਂ ਹੋਵੇਗੀ ਸਗੋਂ ਸੁਲਾਹ ਹੋ ਜਾਏਗੀ ਪਰ ਫ਼ਸਾਦੀਆਂ ਨੂੰ ਸਖ਼ਤ ਘਬਰਾਹਟ ਹੋਣ ਲੱਗੀ ਅਤੇ ਜੱਦ ਰਾਤ ਹੋਈ ਤਾਂ ਉਹਨਾ ਨੇ ਸੁਲਾਹ ਨੂੰ ਰੋਕਣ ਲਈ ਇਹ ਵਿਉਂਤ ਕੱਢੀ ਕਿ ਇਹਨਾ ਵਿੱਚੋਂ ਜੋ ਹਜ਼ਰਤ ਅਲੀ ਦੇ ਨਾਲ ਸਨ ਉਹਨਾ ਨੇ ਹਜ਼ਰਤ ਆਇਸ਼ਾ, ਹਜ਼ਰਤ ਤਲਹਾ ਅਤੇ ਹਜਜ਼ਰਤ ਜ਼ੁਬੈਰ ਦੇ ਲਸ਼ਕਰ'ਤੇ ਰਾਤ ਸਮੇ ਹਮਲਾ ਕਰ ਦਿਤੱਾ ਅਤੇ ਜੋ ਉਹਨਾ ਦੇ ਲਸ਼ਕਰ ਵਿੱਚੋਂ ਸਨ ਉਹਨਾ ਦੇ ਹਜ਼ਰਤ ਅਲੀ ਦੇ ਲਸ਼ਕਰ ਉਪੱਰ ਹਮਲਾ ਕਰ ਦਿਤੱਾ । ਜਿਸ ਦਾ ਸਿਟੱਾ ਇਹ ਹੋਇਆ ਕਿ ਇਕ ਰੌਲ੍ਹਾ ਪੈ ਗਿਆ ਅਤੇ ਹਰ ਇਕ ਧਿਰ ਨੇ ਇਹ ਵਿਚਾਰ ਕੀਤਾ ਕਿ ਦੂਜੀ ਧਿਰ ਨੇ ਧੋਖਾ ਕੀਤਾ ਹੈ, ਹਾਲਾਂਕਿ ਅਸਲ ਵਿੱਚ ਇਹ ਕੇਵਲ ਸਬਾਈਆਂ ਦਾ ਇਕ ਮਨਸੂਬਾ ਸੀ । ਜੱਦ ਜੰਗ ਸ਼ੁਰੂ ਹੋ ਗਈ ਤਾਂ ਹਜ਼ਰਤ ਅਲੀ ਨੇ ਆਵਾਜ਼ ਦਿੱਤੀ ਕਿ ਕੋਈ ਵਿਅਕਤੀ ਹਜ਼ਰਤ ਆਇਸ਼ਾ ਨੂੰ ਸੂਚਨਾ ਦੇਵੇ, ਸ਼ਾਇਦ ਉਹਨਾ ਰਾਹੀਂ ਰੱਬ ਇਸ ਫ਼ਿਤਨੇ ਨੂੰ ਦੂਰ ਕਰੇ । ਸੋ, ਹਜ਼ਰਤ ਆਇਸ਼ਾ ਦਾ ਊਠ ਅੱਗੇ ਕੀਤਾ ਗਿਆ ਪਰ ਸਿਟੱਾ ਹੋਰ ਵੀ ਖ਼ਤਰਾਨਾਕ ਨਿਕਲਿਆ । ਫ਼ਸਾਦੀਆਂ ਨੇ ਇਹ ਦੇਖਕੇ ਕਿ ਸਾਡੀ ਤਰਕੀਬ ਤਾਂ ਪੁੱਠੀ ਪੈਂਣ ਲਗੀ ਹੈ, ਹਜ਼ਰਤ ਆਇਸ਼ਾ ਦੇ ਊਠ ਉਪੱਰ ਤੀਰ ਮਾਰਨੇ ਸ਼ੁਰੂ ਕਰ ਦਿੱਤੇ । ਹਜ਼ਰਤ ਆਇਸ਼ਾ ਨੇ ਜ਼ੋਰ ਜ਼ੋਰ ਨਾਲ ਪੁਕਾਰਨਾ ਸ਼ੁਰੂ ਕੀਤਾ ਕਿ ਹੇ ਲੋਕੋ ਜੰਗ ਬੰਦ ਕਰੋ ਅਤੇ ਰੱਬ ਅਤੇ ਲੇਖੇ ਜੋਖੇ ਦੇ ਦਿਨ ਨੂੰ ਯਾਦ ਕਰੋ ਪਰੰਤੂ ਫ਼ਸਾਦੀ ਨ ਮੁੜੇ ਅਤੇ ਲਗਾਤਾਰ ਆਪ ਦੇ ਊਠ ਉਪੱਰ ਤੀਰ ਮਾਰਦੇ ਗਏ । ਕਿਉਂਕਿ ਬਸਰਾ ਵਾਸੀ ਇਸ ਲਸ਼ਕਰ ਦੇ ਨਾਲ ਸਨ ਜੋ ਹਜ਼ਰਤ ਆਇਸ਼ਾ ਦੇ ਆਲ੍ਹੇ ਦੁਆਲੇ ਇਕਠੱਾ ਹੋਇਆ ਸੀ, ਉਨਹਾ ਨੂੰ ਇਹ ਗੱਲ ਦੇਖਕੇ ਸਖ਼ਤ ਗੁਸੱਾ ਆਇਆ ਅਤੇ ਉਮੁਲ ਮੋਮਿਨੀਨ ਦੀ ਇਹ ਗੁਸਤਾਖ਼ੀ ਦੇਖਕੇ ਉਹਨਾ ਦੇ ਗੁੱਸੇ ਦੀ ਕੋਈ ਸੀਮਾ ਨ ਰਹੀ ਅਤੇ ਤਲਵਾਰਾਂ ਖਿਚੱਕੇ ਵਿਰੋਧੀ ਲਸ਼ਕਰ ਉਪੱਰ ਹਮਲਾ ਆਵਰ ਹੋ ਗਏ । ਅਤੇ ਹੁਣ ਇਹ ਹਾਲ ਹੋ ਗਿਆ ਕਿ ਹਜ਼ਰਤ ਆਇਸ਼ਾ ਦਾ ਊਠ ਜੰਗ ਦਾ ਕੇਂਦਰ ਬਣ ਗਿਆ । ਸਹਾਬਾ ਅਤੇ ਵੱਡੇ ਵੱਡੇ ਬਹਾਦਰ ਇਸਦੇ ਦੁਆਲੇ ਇਕੱਠੇ ਹੋ ਗਏ ਅਤੇ ਇਕ ਦੇ ਬਾਦ ਇਕ ਕਤਲ ਹੋਣਾ ਸ਼ੁਰੂ ਹੋਇਆ ਪਰ ਊਠ ਦੀ ਬਾਕ ਉਹਨਾ ਨੇ ਨ ਛੱਡੀ । ਹਜ਼ਰਤ ਜ਼ੁਬੈਰ ਤਾਂ ਜੰਗ ਵਿੱਚ ਸ਼ਾਮਲ ਹੀ ਨ ਹੋਏ ਅਤੇ ਇਕ ਪਾਸੇ ਨਿਕਲ ਗਏ ਪਰ ਇਕ ਸ਼ਕੀ ਨੇ ਉਹਨਾ ਦਾ ਪਿਛੱਾ ਕਰਕੇ ਇਸ ਅਵਸਥਾ ਵਿੱਚ ਕਿ ਉਹ ਨਮਾਜ਼ ਪੜ੍ਹ ਰਹੇ ਸਨ ਸ਼ਹੀਦ ਕਰ ਦਿਤੱਾ । ਹਜ਼ਰਤ ਤਲਹਾ ਵੀ ਰਣਖੇਤਰ ਵਿੱਚ ਫ਼ਸਾਦੀਆਂ ਦੇ ਹੱਥੋਂ ਮਾਰੇ ਗਏ । ਇਹਨਾ ਸਾਰੀਆਂ ਘਟਨਾਵਾਂ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਲੜਾਈ ਵਿੱਚ ਸਹਾਬਾ ਦਾ ਕੋਈ ਦਖ਼ਲਾ ਨਹੀਂ ਸੀ ਸਗੋਂ ਇਹ ਸ਼ਰਾਰਤ ਵੀ ਹਜ਼ਰਤ ਉਸਮਾਨ ਦੇ ਕਾਤਲਾਂ ਦੀ ਹੀ ਸੀ ਅਤੇ ਇਹ ਕਿ ਹਜ਼ਰਤ ਤਲਹਾ ਅਤੇ ਜ਼ੁਬੈਰ ਹਜ਼ਰਤ ਅਲੀ ਦੀ ਬੈਅਤ ਵਿੱਚ ਵੀ ਫ਼ੌਤ ਹੋਏ ਸਨ । ਕਿਉਂਕਿ ਉਹਨਾ ਨੇ ਆਪਣੇ ਇਰਾਦੇ ਤੋਂ ਰੁਜੂਅ ਕਰ ਲਿਆ ਸੀ ਅਤੇ ਹਜ਼ਰਤ ਅਲੀ ਦਾ ਸਾਥ ਦੇਣ ਦਾ ਇਕਰਾਰ ਕਰ ਲਿਆ ਸੀ ਪਰ ਕੁਝ ਸ਼ਰਾਰਤੀਆਂ ਦੇ ਹੱਥੋਂ ਮਾਰੇ ਗਏ । ਸੋ, ਹਜ਼ਰਤ ਅਲੀ ਨੇ ਇਹਨਾ ਕਾਤਲਾ ਉਪੱਰ ਲਾਨ੍ਹਤ ਵੀ ਪਾਈ ।

ਹਜ਼ੂਰ ਅਨਵਰ ਨੇ ਫ਼ਰਮਾਇਆ, ਜਮਲ ਦੀ ਜੰਗ ਸਮੇਂ ਇਕ ਸਹਾਬੀ ਹਜ਼ਰਤ ਤਲਹਾ ਦੇ ਕੋਲ ਆਇਆ ਅਤੇ ਉਹਨਾ ਨੂੰ ਕਿਹਾ ਤਲਹਾ ਤੁਹਾਨੂੰ ਚੇਤੇ ਹੈ ਕਿ ਫ਼ਲਾਣੇ ਮੌਕੇ'ਤੇ ਮੈਂ ਤੇ ਤੁਸੀਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਸਭਾ ਵਿੱਚ ਬੈਠੇ ਹੋਏ ਸਨ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਸੀ ਕਿ ਇਕ ਸਮਾਂ ਅਜਿਹਾ ਆਏਗਾ ਕਿ ਤੁਸੀਂ ਹੋਰ ਲਸ਼ਕਰ ਵਿੱਚ ਹੋਵੋਗੇ ਅਤੇ ਅਲੀ ਹੋਰ ਲਸ਼ਕਰ ਵਿੱਚ ਅਤੇ ਅਲੀ ਸਚੱਾਈ ਉਪੱਰ ਹੋਵੇਗਾ ਅਤੇ ਤੁਸੀਂ ਗ਼ਲਤੀ'ਤੇ ਹੋਵੋਗੇ । ਹਜ਼ਰਤ ਤਲਹਾ ਨੇ ਸੁਣਿਆ ਤਾਂ ਉਹਨਾ ਦੀਆਂ ਅਖੱਾਂ ਖੁੱਲ ਗਈਆਂ ਅਤੇ ਉਹਨਾ ਨੇ ਕਿਹਾ ਕਿ ਮੈਨੂੰ ਇਹ ਗੱਲ ਚੇਤੇ ਆ ਗਈ ਹੈ ਅਤੇ ਫਿਰ ਉਸੇ ਸਮੇਂ ਲਸ਼ਕਰ ਵਿੱਚੋਂ ਨਿਕਲ ਕੇ ਚਲੇ ਗਏ । ਜੱਦ ਉਹ ਲੜਾਈ ਛਡੱਕੇ ਜਾ ਰਹੇ ਸਨ ਤਾਂ ਜੋ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਗੱਲ ਪੂਰੀ ਹੋ ਜਾਏ ਤਾਂ ਇਕ ਬਦਬਖ਼ਤ ਵਿਅਕਤੀ ਨੇ ਪਿੱਛੋਂ ਦੀ ਜਾਕੇ ਆਪਨੂੰ ਖੰਜਰ ਮਾਰਕੇ ਸ਼ਹੀਦ ਕਰ ਦਿਤੱਾ । ਹਜ਼ਰਤ ਅਲੀ ਆਪਣੇ ਅਸਥਾਨ'ਤੇ ਬੈਠੇ ਹੋਏ ਸਨ । ਉਹ ਕਾਤਲ ਇਸ ਵਿਚਾਰ ਨਾਲ ਕਿ ਮੈਨੂੰ ਬਹੁਤ ਵਡੱਾ ਇਨਾਮ ਮਿਲੇਗਾ ਦੌੜਦਾ ਹੋਇਆ ਆਇਆ ਅਤੇ ਉਸਨੇ ਕਿਹਾ ਹੇ, ਅਮੀਰੁਲ ਮੋਮਿਨੀਨ, ਆਪ ਨੂੰ ਆਪ ਦੇ ਦੁਸ਼ਮਣ ਦੇ ਮਾਰੇ ਜਾਣ ਦੀ ਖ਼ਬਰ ਦਿੰਦਾ ਹਾਂ । ਹਜ਼ਰਤ ਅਲੀ ਨੇ ਕਿਹਾ ਕੌਣ ਦੁਸ਼ਮਣ । ਉਸ ਨੇ ਕਿਹਾ ਹੇ ਅਮੀਰੁਲ ਮੋਮਿਨੀਨ ਮੈਂ ਤਲਹਾ ਨੂੰ ਮਾਰ ਦਿਤੱਾ ਹੈ । ਹਜ਼ਰਤ ਅਲੀ ਨੇ ਫ਼ਰਮਾਇਆ ਹੇ, ਵਿਅਕਤੀ ਮੈਂ ਵੀ ਤੈਨੂੰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਵੱਲੋਂ ਖ਼ੁਸ਼ਖ਼ਬਰੀ ਦਿੰਦਾ ਹਾਂ ਕਿ ਤੂੰ ਨਰਕ ਵਿੱਚ ਸੁੱਟਿਆ ਜਾਏਂਗਾ ਕਿਉਂਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਇਕ ਵਾਰ ਫ਼ਰਮਾਇਆ ਸੀ ਕਿ ਹੇ ਤਲਹਾ ਤੂੰ ਇਕ ਵਾਰ ਹੱਕ ਤੇ ਨਿਆਏ ਖ਼ਾਤਰ ਅਪਮਾਨ ਝੱਲੇਂਕਾ ਅਤੇ ਤੈਨੂੰ ਇਕ ਵਿੱਕਤੀ ਮਾਰ ਸੁੱਟੇਗਾ ਪਰ ਰੱਬ ਉਸ ਨੂੰ ਨਰਕ ਵਿੱਚ ਪਾਏਗਾ । ਹਜ਼ਰਤ ਤਲਹਾ ਜੱਦ ਸ਼ਹੀਦ ਹੋਏ ਅਤੇ ਹਜ਼ਰਤ ਅਲੀ ਨੇ ਇਹਨਾ ਕਤਲ ਹੋਇਆਂ ਨੂੰ ਦੇਖਿਆ ਤਾਂ ਇਹਨਾ ਦੇ ਚਿਹਰਿਆਂ ਤੋਂ ਮਿੱਟੀ ਪੂੰਝਣ ਲੱਗੇ ਅਤੇ ਫ਼ਰਮਾਇਆ ਹੇ, ਅਬੂ ਮਹਮੱਦ ਇਹ ਗੱਲ ਮੇਰ ਲਈ ਬਹੁਤ ਦੁੱਖ ਭਰੀ ਹੈ ਕਿ ਮੈਂ ਤੈਨੂੰ ਅਕਾਸ਼ ਦੇ ਤਾਰਿਆਂ ਹੇਠ ਧੂੜ ਵਿੱਚ ਦੇਖਾਂ ਫਿਰ ਹਜ਼ਰਤ ਤਲਹਾ ਲਈ ਰਹਿਮਤ ਦੀ ਦੁਆ ਕੀਤੀ ਅਤੇ ਫ਼ਰਮਾਇਆ ਕਿ ਕਾਸ਼ ਮੈਂ ਇਸ ਦਿਨ ਤੋਂ ਵੀਹ ਸਾਲ ਪਹਿਲਾਂ ਮਰ ਗਿਆ ਹੁੰਦਾ ।

ਹਜ਼ੂਰ ਅਨਵਰ ਨੇ ਫ਼ਰਮਾਇਆ, ਇੱਥੇ ਇਹਨਾ ਦਾ ਜ਼ਿਕਰ ਖ਼ਤਮ ਹੋ ਜਾਂਦਾ ਹੈ । ਹੁਣ ਅੱਜ ਕੱਲ ਦੇ ਜੋ ਹਾਲਾਤ ਹਨ ਇਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਇਕ ਕਥਨ ਵੀ ਪੜ੍ਹ ਦਿੰਦਾ ਹਾਂ । ਇਕ ਮੌਕੇ ਆਪ ਨੇ ਮੁਫ਼ਤੀ ਸਾਹਬ ਨੂੰ ਫ਼ਰਮਾਇਆ ਕਿ ਘਰਾਂ ਨੂੰ ਰੋਸ਼ਨ ਰੱਖੋ । ਅੱਜ ਕੱਲ ਘਰਾਂ ਵਿੱਚ (ਤਾਊਨ ਦੇ ਦਿਨਾਂ ਦੀ ਗੱਲ ਹੈ) ਖ਼ੂਬ ਸਫ਼ਾਈ ਰਖੱਣੀ ਚਾਹੀਦੀ ਹੈ । ਕਪੜਿਆਂ ਨੂੰ ਵੀ ਸਾਫ਼ ਸੁਥਰਾ ਰਖੱਣਾ ਚਾਹੀਦਾ ਹੈ । ਫਿਰ ਫ਼ਰਮਾਇਆ ਕਿ ਅੱਜ਼ ਕੱਲ ਦਿਨ ਬਹੁਤ ਸਖ਼ਤ ਹਨ ਅਤੇ ਹਵਾ ਜ਼ਹਿਰੀਲੀ ਹੈ ਸਫ਼ਾਈ ਰਖੱਣਾ ਸੁਨੱਤ ਹੈ । ਕੁਰਆਨ ਸ਼ਰੀਫ਼ ਵਿੱਚ ਵੀ ਲਿੱਖਿਆ ਹੈ, 'ਵ ਸਿਯਾਬਾਕਾ ਫ਼ਤਾਹਿਰ, ਵਰ ਰੁਜਜ਼ਾ ਫ਼ਾਹਜੁਰ' (وَثِيَابَكَ فَطَهِّرْ○ وَالرُّجْزَ فَاهْجُرْ○) ਫਿਰ ਇਕ ਮੌਕੇ'ਤੇ ਫ਼ਰਮਾਇਆ ਉਹ ਲੋਕ ਜਿੰਨ੍ਹਾ ਦੇ ਸ਼ਹਿਰਾਂ ਵਿੱਚ ਅਤੇ ਪਿੰਡਾਂ ਵਿੱਚ ਤਾਊਨ ਦਾ ਜ਼ੋਰ ਹੈ ਤੇ ਫੈਲ ਗਿਆ ਹੈ ਆਪਣੇ ਸ਼ਹਿਰਾਂ ਤੇ ਪਿੰਡਾਂ ਤੋਂ ਦੂਜੀ ਥਾਂ ਨ ਜਾਣ, ਆਪਣੇ ਘਰਾਂ ਦੀ ਸਫ਼ਾਈ ਰਖੱਣ ਅਤੇ ਉਹਨਾ ਨੂੰ ਗਰਮ ਰਖੱਣ ਅਤੇ ਜ਼ਰੂਰੀ ਤਰਕੀਬਾਂ ਸਵੈ ਸੁਰੱਖਿਆ ਲਈ ਪਰਹੇਜ਼ ਦੇ ਰੂਪ ਵਿੱਚ ਅਮਲ ਵਿੱਚ ਲਿਆਉਣ ਅਤੇ ਸਭ ਤੋਂ ਵਧੱਕੇ ਇਹ ਕਿ ਸੱਚੀ ਤੌਬਾ ਕਰਨ । ਪਾਕ ਤਬਦੀਲੀਆਂ ਕਰਕੇ ਰੱਬ ਨਾਲ

ਸੁਲਾਹ ਕਰਨ ਰਾਤਾਂ ਨੂੰ ਉਠੱਕੇ ਤਹਜੁੱਦ ਵਿੱਚ ਦੁਆਵਾਂ ਮੰਗਣ । ਫਿਰ ਆਪ ਨੇ ਫ਼ਰਮਾਇਆ ਕਿ ਆਪਣੀ ਹਾਲਤ ਵਿੱਚ ਸੱਚੀ ਤਬਦੀਲੀ ਹੀ ਰੱਬ ਦੇ ਇਸ ਅਜ਼ਾਬ ਤੋਂ ਬਚਾ ਸਕੇਗੀ ।

ਹਜ਼ੂਰ ਅਨਵਰ ਨੇ ਫ਼ਰਮਾਇਆ, ਅਲੱਾਹ ਤਆਲਾ ਹਰ ਅਹਮਦੀ ਨੂੰ ਤੌਫ਼ੀਕ ਦੇਵੇ ਕਿ ਉਹ ਇਹਨਾ ਦਿਨਾਂ ਵਿੱਚ ਵਿਸ਼ੇਸ਼ ਰੂਪ ਵਿੱਚ ਦੁਆਵਾਂ ਉਪੱਰ ਜ਼ੋਰ ਦੇਵੇ । ਸਰਕਾਰ ਦੇ ਨਿਰਦੇਸ਼ਾਂ ਉਪੱਰ ਅਮਲ ਕਰਨ । ਘਰਾਂ ਨੂੰ ਵੀ ਸ਼ਾਫ਼ ਰਖੱਣ । ਧੂਣੀ ਵੀ ਦੇਣੀ ਚਾਹੀਦੀ ਹੈ । ਡਿਟੋਲ ਆਦਿ ਦੀ ਸਪ੍ਰੇ ਵੀ ਕਰਦੇ ਰਹਿਣ । ਰੱਬ ਸਾਰਿਆਂ ਉਪੱਰ ਮਿਹਰ ਕਰੇ ਅਤੇ ਰਹਿਮ ਫ਼ਰਮਾਏ । ਬਹਿਰਹਾਲ ਵਿਸ਼ੇਸ਼ ਰੂਪ ਵਿੱਚ ਇਹਨਾਂ ਦਿਨਾਂ ਵਿੱਚ ਦੁਆਵਾਂ ਉਪੱਰ ਵਿਸ਼ੇਸ਼ ਜੋਰ ਦੇਣ । ਅਲੱਾਹ ਤਆਲਾ ਸਾਰਿਆਂ ਨੂੰ ਇਸਦੀ ਤੌਫ਼ੀਕ ਪ੍ਰਦਾਨ ਕਰੇ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ
يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَاَشْهَدُ اَنْ لَّا اِلٰهَ اِلَّا اللّٰهُ وَحْدَهٗ لَا شَرِيْكَ لَهٗ وَاَشْهَدُ اَنَّ مُحَمَّدًا عَبْدُهٗ
وَرَسُوْلُهٗ۔ عِبَادَ اللّٰهِ رحمکم اللّٰه اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ
يَعِظُكُمْ لَعَلَّكُمْ تَذَكَّرُوْنَ فَاذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔

★★★★★

**Khulasa Khutba Jumma 03.04.2020**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131